# 70th Anniversary of Establishment of Diplomatic Relations between India and Japan in 2022 - Launch of India’s Logo

---

## 2022 ਵਿੱਚ ਭਾਰਤ ਅਤੇ ਜਾਪਾਨ ਦਰਮਿਆਨ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 70ਵੀਂ ਵਰ੍ਹੇਗੰਢ - ਭਾਰਤ ਦਾ ਲੋਗੋ ਹੋਇਆ ਲਾਂਚ

**4 ਜਨਵਰੀ, 2022**

1. ਭਾਰਤ ਅਤੇ ਜਾਪਾਨ ਦਰਮਿਆਨ 28 ਅਪ੍ਰੈਲ, 1952 ਨੂੰ ਕੂਟਨੀਤਕ ਸਬੰਧ ਸਥਾਪਿਤ ਹੋਏ ਸਨ। 2022 ਦੌਰਾਨ ਦੋਵੇਂ ਦੇਸ਼ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 70ਵੀਂ ਵਰ੍ਹੇਗੰਢ ਮਨਾਉਣਗੇ। ਇਸ ਇਤਿਹਾਸਕ ਮੌਕੇ ਦਾ ਜਸ਼ਨ ਮਨਾਉਣ ਲਈ ਦੋਵਾਂ ਦੇਸ਼ਾਂ ਨੇ ਵਿਸ਼ੇਸ਼ ਲੋਗੋ ਲਿਆਉਣ ਦਾ ਫੈਸਲਾ ਕੀਤਾ ਹੈ। ਜਾਪਾਨੀ ਪੱਖ ਨੇ ਇਸ ਸਾਲ ਦੇ ਸ਼ੁਰੂ ਵਿੱਚ ਆਪਣਾ ਲੋਗੋ ਲਾਂਚ ਕੀਤਾ ਸੀ।

2. ਵਿਦੇਸ਼ ਮੰਤਰਾਲੇ (MEA) ਨੇ ਸਤੰਬਰ, 2021 ਵਿੱਚ ਭਾਰਤੀ ਲੋਗੋ ਡਿਜ਼ਾਈਨ ਕਰਨ ਲਈ ਲੋਗੋ ਡਿਜ਼ਾਈਨ ਮੁਕਾਬਲਾ ਕਰਾਇਆ ਸੀ। MyGov ਪੋਰਟਲ ਰਾਹੀਂ ਲੋਕਾਂ ਤੋਂ ਐਂਟਰੀਆਂ ਮੰਗੀਆਂ ਗਈਆਂ ਸਨ। ਇਸਦਾ ਪ੍ਰਚਾਰ ਵਿਦੇਸ਼ ਮੰਤਰਾਲੇ ਦੇ ਬਾਹਰੀ ਪ੍ਰਚਾਰ ਵਿਭਾਗ ਅਤੇ ਟੋਕੀਓ ਵਿੱਚ ਭਾਰਤੀ ਦੂਤਾਵਾਸ ਨੇ ਵੀ ਕੀਤਾ ਸੀ। ਕੁੱਲ 1131 ਐਂਟਰੀਆਂ ਪ੍ਰਾਪਤ ਹੋਈਆਂ ਸਨ। ਇੱਕ ਸਕ੍ਰੀਨਿੰਗ ਕਮੇਟੀ ਨੇ ਮੁਕਾਬਲੇ ਦੇ ਮਾਪਦੰਡਾਂ ਦੇ ਆਧਾਰ 'ਤੇ ਇਹਨਾਂ ਐਂਟਰੀਆਂ ਦਾ ਮੁਲਾਂਕਣ ਕੀਤਾ ਅਤੇ ਇਨ੍ਹਾਂ ਵਿੱਚੋਂ ਇੱਕ ਲੋਗੋ ਨੂੰ ਪਹਿਲੇ ਇਨਾਮ ਜੇਤੂ ਐਂਟਰੀ ਵਜੋਂ ਚੁਣਿਆ ਗਿਆ। ਜੇਤੂ ਲੋਗੋ ਡਿਜ਼ਾਈਨ ਹੇਠਾਂ ਦਿੱਤਾ ਗਿਆ ਹੈ।

3. ਲੋਗੋ ਵਿੱਚ ਇੱਕ ਮੋਰ ਅਤੇ ਇੱਕ ਹਰਾ ਤਿੱਤਰ ਦਰਸਾਇਆ ਗਿਆ ਹੈ, ਜੋ ਕ੍ਰਮਵਾਰ ਭਾਰਤ ਅਤੇ ਜਾਪਾਨ ਦੇ ਰਾਸ਼ਟਰੀ ਪੰਛੀ ਹਨ। ਹਰੇ ਤਿੱਤਰ ਦੀ ਪੂਛ ਨਾਲ ਅੰਕ 7 ਬਣਦਾ ਹੈ ਜਦਕਿ ਅਤੇ ਮੋਰ ਨਾਲ ਅੰਕ 0 ਬਣਦਾ ਹੈ। ਇਹ ਲੋਗੋ ਦੋਵਾਂ ਦੇਸ਼ਾਂ ਵਿਚਕਾਰ ਦੋਸਤੀ ਦੇ ਰਿਸ਼ਤੇ ਦਾ ਪ੍ਰਤੀਕ ਹੈ। ਇਸ ਨੂੰ ਸ਼੍ਰੀ ਅਨੂਪ ਦੇਵ

ਪੂਰਤੀ ਨੇ ਬਣਾਇਆ ਹੈ। ਸ਼੍ਰੀ ਪੂਰਤੀ ਨੇ ਸਰਦਾਰ ਪਟੇਲ ਯੂਨੀਵਰਸਿਟੀ, ਗੁਜਰਾਤ ਤੋਂ ਮਾਸਟਰ ਆਫ ਕੰਪਿਊਟਰ ਐਪਲੀਕੇਸ਼ਨ (MCA) ਦੀ ਪੜ੍ਹਾਈ ਕੀਤੀ ਹੈ। ਉਨ੍ਹਾਂ ਨੂੰ ਈ-ਲਰਨਿੰਗ, UI ਅਤੇ ਵੈੱਬਸਾਈਟ ਡਿਜ਼ਾਈਨ ਦਾ ਵਿਆਪਕ ਤਜ਼ਰਬਾ ਹੈ।

4. 70ਵੀਂ ਵਰ੍ਹੇਗੰਢ ਦਾ ਜਸ਼ਨ ਮਨਾਉਣ ਲਈ ਭਾਰਤ ਅਤੇ ਜਾਪਾਨ ਵਿੱਚ ਸਾਲ ਭਰ ਕਈ ਸਮਾਗਮ ਕਰਾਏ ਜਾਣ ਦੀ ਵਿਉਂਤ ਹੈ। ਇਨ੍ਹਾਂ ਵਿੱਚ ਭਾਰਤ-ਜਾਪਾਨ ਦੁਵੱਲੇ ਸਬੰਧਾਂ ਦੇ ਵੱਖ ਵੱਖ ਖੇਤਰਾਂ 'ਤੇ ਆਧਾਰਿਤ ਸੱਭਿਆਚਾਰਕ ਗਤੀਵਿਧੀਆਂ, ਪ੍ਰਦਰਸ਼ਨੀਆਂ ਅਤੇ ਸੈਮੀਨਾਰ ਸ਼ਾਮਲ ਹਨ। ਇਸ ਮੌਕੇ 'ਤੇ ਹੋਣ ਵਾਲੇ ਇਹ ਸਮਾਗਮ ਭਾਰਤ-ਜਾਪਾਨ ਵਿਸ਼ੇਸ਼ ਰਣਨੀਤਕ ਅਤੇ ਆਲਮੀ ਸਾਂਝੇਦਾਰੀ ਦੀ ਮਹੱਤਤਾ ਅਤੇ ਇਸਦੀਆਂ ਪੂਰੀਆਂ ਸੰਭਾਵਨਾਵਾਂ ਨੂੰ ਹਾਸਲ ਕਰਨ ਪ੍ਰਤੀ ਸਾਰੇ ਹਿਤਧਾਰਕਾਂ ਦੀ ਵਚਨਬੱਧਤਾ ਨੂੰ ਦਰਸਾਉਣਗੇ।

ਨਵੀਂ ਦਿੱਲੀ
4 ਜਨਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.